Unique Code: **P-212101** Roll No...........

M.A. (Punjabi) Sem. I-I

Punjabi: Course No – 101

**Paper:** Modern Punjabi Poetry: History, Theory and Tendencies

(Admission of 2009 & onwards)

(Regular)

(Nov.-Dec. 2015)

ਕੁੱਲ ਸਮਾਂ: ਤਿੰਨ ਘਮਟੇ ਕੁੱਲ ਅਮਕ: 70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ ਅਤੇ ਵਿਕਾਸ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ।
2. ਪ੍ਰਗਤੀਵਾਦੀ ਪੰਜਾਬੀ ਕਾਵਿ ਧਾਰਾ ਦੀਆਂ ਪ੍ਰਾਪਤੀਆਂ ਤੇ ਸੀਮਾਵਾਂ ਬਾਰੇ ਆਪਣੇ ਵਿਚਾਰ ਲਿਖੋ। 1X14=14

## ਭਾਗ ਦੂਜਾ

3. ਪੂਰਬੀ ਵਿਸ਼ਵ ਦ੍ਰਿਸ਼ਟੀ ਨੂੰ ਅਦਾਰ ਬਣਾ ਕੇ ਪ੍ਰੋ. ਪੂਰਨ ਸਿੰਘ ਰਚਿਤ ਕਾਵਿ ਪੁਸਤਕ 'ਖੁੱਲ੍ਹੇ ਮੈਦਾਨ' ਦੀ ਸਮੀਖਿਆਤਮਕ ਪੜ੍ਹਤ ਉਸਾਰੋ।
4. ਕਾਵਿ ਸੰਗ੍ਰਿਹ 'ਸੁਨੇਹੜੇ' ਦੇ ਅਦਾਰ 'ਤੇ ਅਮ੍ਰਿਤਾ ਪ੍ਰੀਤਮ ਦੇ ਪਿਆਰ ਅਨੁਭਵ ਬਾਰੇ ਚਰਚਾ ਕਰੋ।
5. ਕਾਵਿ-ਪੁਸਤਕ 'ਰੁੱਖ ਤੇ ਰਿਸ਼ੀ' ਮਨੁੱਖੀ ਆਤਮ ਦੀ ਤਲਾਸ਼ ਨੂੰ ਕਾਵਿ-ਬਿੰਬਾਂ ਰਾਹੀਂ ਪੇਸ਼ ਕਰਦੀ ਹੈ। ਇਸ ਕਥਨ ਦੀ ਲੋਅ ਰਸਿ_ਖ ਤੋਂ ਰਸਿ ਤੱਕ ਦੇ ਸਫ਼ਰ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ। 2X14=28

## ਭਾਗ ਤੀਜਾ

6. ਹੇਠ ਲਿਖੀਆਂ ਕਾਵਿਤਾਵਾਂ ਵਿਚੋਂ ਕਿਸੇ ਇਕ ਦੀ ਵਿਹਾਰਕ ਸਮੀਖਿਆ ਕਰੋ:-
   ੳ. ਇਕ ਜੰਗਲੀ ਫੁੱਲ (ਪ੍ਰੋ. ਪੂਰਨ ਸਿੰਘ)
   ਅ. ਰੁੱਖ ਤੇ ਰਿਸਿ (ਡਾ. ਹਰਿਭਜਨ ਸਿੰਘ) 1X14=14

## ਭਾਗ ਚੌਥਾ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:-

ੳ. ਆਧੁਨਿਕਤਾ ਤੋਂ ਕੀ ਭਾਵ ਹੈ?

ਅ. ਕੀ ਭਾਈ ਵੀਰ ਸਿੰਘ ਨੂੰ ਆਧੁਨਿਕ ਕਵੀ ਕਿਹਾ ਜਾ ਸਕਦਾ ਹੈ?

ੲ. ਪ੍ਰਯੋਗਵਾਦੀ ਕਾਵਿ-ਧਾਰਾ ਨਾਲ ਜੁੜੇ ਚਾਰ ਕਵੀਆਂ ਦੇ ਨਾਂ ਲਿਖੋ।

ਸ. 'ਸੁਨੇਹੜੇ' ਵਿਚ ਕਾਵਿ-ਮੈਂ ਵਿਜੋਗ ਕਿਉਂ ਭੋਗਦੀ ਹੈ?

ਹ. ਪ੍ਰੋ. ਪੂਰਨ ਸਿੰਘ ਦੀਆਂ ਕਾਵਿ-ਪੁਸਤਕਾਂ ਦੇ ਸਿਰਲੇਖਾਂ ਦੇ ਨਾਂ ਲਿਖੋ।

ਕ. ਕਾਵਿ-ਪੁਸਤਕ 'ਰੁੱਖ ਤੇ ਰਿਸ਼ੀ' ਰਸਿ_ਖ ਅਤੇ ਰਸਿ ਤੋਂ ਕੀ ਭਾਵ ਹੈ?

ਖ. ਚਾਰ ਜੁਝਾਰਵਾਦੀ ਪੰਜਾਬੀ ਕਵੀਆਂ ਦੇ ਨਾਂ ਲਿਖੋ। 7X2=14

Scanned with CamScanner

Unique Code: **P-212101** Roll No.........

M.A. (Punjabi) Sem. I-I

Punjabi: Course No - 101

**Paper:** Modern Punjabi Poetry: History, Theory and Tendencies

(Admission of 2009 & onwards)

(NCWEB)

(Nov.-Dec. 2015)

ਕੁੱਲ ਸਮਾਂ: ਤਿੰਨ ਘੰਟੇ ਕੁੱਲ ਅਮਕ:
100

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

8. ਆਧੁਨਿਕਤਾ ਦੇ ਸੰਕਲਪ ਨੂੰ ਪਰਿਭਾਸ਼ਤ ਕਰਦਿਆਂ ਪੰਜਾਬੀ ਕਵਿਤਾ ਵਿਚ ਆਧੁਨਿਕਤਾ ਦੇ ਸਰੂਪ ਬਾਰੇ ਚਰਚਾ ਕਰੋ।
9. ਆਧੁਨਿਕ ਪੰਜਾਬੀ ਕਵਿਤਾ ਦੀਆਂ ਵਿਭਿੰਨ ਕਾਵਿ-ਧਾਰਾਵਾਂ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ।

1X20=20

## ਭਾਗ ਦੂਜਾ

10. ਪ੍ਰੋ. ਪੂਰਨ ਸਿੰਘ ਦੀ ਕਾਵਿ-ਪੁਸਤਕ 'ਖੁੱਲ੍ਹੇ ਮੈਦਾਨ' ਦੇ ਅਦਾਰ 'ਤੇ ਪੂਰਨ ਸਿੰਘ ਦੀ ਰਚਨਾ ਦੇ ਪ੍ਰਮੁੱਖ ਵਿਚਾਰਧਾਰਕ ਸਰੋਕਾਰਾਂ ਨਾਲ ਜਾਣ-ਪਛਾਣ ਕਰਵਾਓ।
11. ਅਮ੍ਰਿਤਾ ਪ੍ਰੀਤਮ ਦੀ ਕਾਵਿ ਪੁਸਤਕ 'ਸੁਨੇਹੜੇ' ਵਿਚ ਉਭਰੇ ਵਿਭਿੰਨ ਵਿਚਾਰਧਾਰਕ ਸਰੋਕਾਰਾਂ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।
12. ਹਰਿਭਜਨ ਸਿੰਘ ਦੀ ਕਾਵਿ-ਪੁਸਤਕ 'ਰੁੱਖ ਤੇ ਰਿਸ਼ੀ' ਵਿਚਲੇ ਰੁੱਖ ਦੁਆਰਾ ਉਮੀ ਗੁਰੂ ਦੀ ਤਲਾਸ਼ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

2X20=40

## ਭਾਗ ਤੀਜਾ

13. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦੀ ਵਿਹਾਰਕ ਸਮੀਖਿਆ ਪੇਸ਼ ਕਰੋ:-
   ੳ. ਪੂਰਨ ਨਾਥ ਜੋਗੀ
   ਅ. ਸੁਨੇਹੜੇ

1X20=20

14. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:-
   ੳ. ਆਧੁਨਿਕਤਾ ਅਤੇ ਆਧੁਨਿਕਵਾਦ ਤੋਂ ਕੀ ਭਾਵ ਹੈ?
   ਅ. ਅਮ੍ਰਿਤਾ ਪ੍ਰੀਤਮ ਦੇ ਨਾਰੀ-ਸਰੋਕਾਰਾਂ ਬਾਰੇ ਸੰਖੇਪ ਟਿੱਪਣੀ ਲਿਖੋ।
   ੲ. ਪ੍ਰਗਤੀਵਾਦੀ ਕਾਵਿ-ਧਾਰਾ ਤੋਂ ਤੁਸੀਂ ਕੀ ਸਮਝਦੇ ਹੋਂ? ਸਪਸ਼ੱਟ ਕਰੋ।
   ਸ. ਹਰਿਭਜਨ ਸਿੰਘ ਦੀਆਂ ਕਾਵਿ ਪੁਸਤਕਾਂ ਦੇ ਨਾਂ ਲਿਖੋ।
   ਹ. ਪੂਰਨ ਸਿੰਘ ਰਚਿਤ ਕਵਿਤਾ 'ਜਵਾਨ ਪੰਜਾਬ ਦੇ' ਉਤੇ ਸੰਖੇਪ ਨੋਟ ਲਿਖੋ।

5X4=20

Scanned with CamScanner

Deptt. of Punjabi, University of Delhi, Delhi – 7
(This question paper contains one printed page)

Unique Paper code : P-212102 Roll no. _______________

MA (Punjabi) Sem I – 1
Punjabi : Course No. 102
Adhunik Punjabi Galap : Sidhant Itihas ate Parvirtian
(Admission of 2009 & onwards)
(Regular)
(Nov- Dec 2015)

Time : 3 Hours Maximum Marks : 70

ਨੋਟ : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਪਹਿਲੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਓ। ਦੂਜੇ ਭਾਗ ਵਿਚੋਂ ਕੋਈ **ਦੋ** ਪ੍ਰਸ਼ਨਾਂ ਦੇ ਉੱਤਰ ਦਿਓ। ਤੀਜੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਓ। ਚੌਥੇ ਭਾਗ ਦੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਸਭ ਪ੍ਰਸ਼ਨਾਂ ਦੇ ਬਰਾਬਰ ਅੰਕ ਹਨ।

**ਭਾਗ ਪਹਿਲਾ** 14X1=14

1. ਪੰਜਾਬੀ ਨਾਵਲ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਨਾਲ ਜਾਣ-ਪਛਾਣ ਕਰਾਓ।

ਜਾਂ

ਪੰਜਾਬੀ ਕਹਾਣੀ ਦੇ ਸੰਰਚਨਾਤਮਕ ਤੱਤਾਂ ਦੀ ਨਿਸ਼ਾਨਦੇਹੀ ਕਰੋ।

**ਭਾਗ ਦੂਜਾ** 14X2=28

2. 'ਏਹੁ ਹਮਾਰਾ ਜੀਵਣਾ' ਨਾਵਲ ਵਿਚ ਪੇਸ਼ ਨਾਰੀ ਮਸਲਿਆਂ ਬਾਰੇ ਸਮੀਖਿਆਤਮਕ ਪੜ੍ਹਤ ਪੇਸ਼ ਕਰੋ।
3. 'ਪਰਸਾ' ਨਾਵਲ ਦਾ ਵਿਚਾਰਧਾਰਾਈ ਅਧਿਐਨ ਪੇਸ਼ ਕਰੋ।
4. 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਕਿਨ੍ਹਾਂ ਮਸਲਿਆਂ ਨਾਲ ਸੰਵਾਦ ਸਿਰਜਦਾ ਹੈ, ਵਿਸਤਾਰ ਵਿਚ ਲਿਖੋ।

**ਭਾਗ ਤੀਜਾ**

5. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦੀ ਵਿਹਾਰਕ ਸਮੀਖਿਆ ਪੇਸ਼ ਕਰੋ : 14X1=14

ੳ) ਤਾਸ਼ ਦੀ ਆਦਤ

ਅ) ਖੱਬਲ

**ਭਾਗ ਚੌਥਾ**

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ : 2X7=14

i. ਬਿਰਤਾਂਤ ਦੀ ਪਰਿਭਾਸ਼ਾ ਲਿਖੋ।
ii. 'ਰਾਸ ਲੀਲ੍ਹਾ' ਕਹਾਣੀ ਬਾਰੇ ਟਿੱਪਣੀ ਕਰੋ।
iii. ਸਿਲੇਬਸ ਤੋਂ ਇਲਾਵਾ ਦਲੀਪ ਕੌਰ ਟਿਵਾਣਾ ਦੇ ਕੋਈ ਚਾਰ ਨਾਵਲਾਂ ਦੇ ਨਾਂ ਲਿਖੋ।
iv. ਪਾਤਰ ਅਤੇ ਨਾਇਕ ਵਿਚ ਕੀ ਭੇਦ ਹੈ, ਟਿੱਪਣੀ ਕਰੋ।
v. ਕੋਈ ਚਾਰ ਪ੍ਰਗਤੀਵਾਦੀ ਨਾਵਲਕਾਰਾਂ ਦੇ ਨਾਂ ਲਿਖੋ।
vi. ਗਲਪ ਦੀ ਪਰਿਭਾਸ਼ਾ ਲਿਖੋ।
vii. ਲੋਕ ਕਹਾਣੀ ਬਾਰੇ ਟਿੱਪਣੀ ਕਰੋ।

------ *** -----

Scanned with CamScanner

Deptt. of Punjabi, University of Delhi, Delhi – 7
(This question paper contains one printed page)

Unique Paper code : P-212102 Roll no. ______________

MA (Punjabi) Sem I – 1
Punjabi : Course No. 102
Adhunik Punjabi Galap : Sidhant Itihas ate Parvirtian
(Admission of 2009 & onwards)
(NCWEB)
(Nov- Dec 2015)

Time : 3 Hours Maximum Marks : 100

ਨੋਟ : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਪਹਿਲੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਉ। ਦੂਜੇ ਭਾਗ ਵਿਚੋਂ ਕੋਈ **ਦੋ** ਪ੍ਰਸ਼ਨਾਂ ਦੇ ਉੱਤਰ ਦਿਉ। ਤੀਜੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਉ। ਚੌਥੇ ਭਾਗ ਦੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਸਭ ਪ੍ਰਸ਼ਨਾਂ ਦੇ ਬਰਾਬਰ ਅੰਕ ਹਨ।

**ਭਾਗ ਪਹਿਲਾ** 20X1=20

1. ਪੰਜਾਬੀ ਨਾਵਲ ਦੇ ਇਤਿਹਾਸ ਦੀ ਨਿਸ਼ਾਨਦੇਹੀ ਕਰੋ।

ਜਾਂ

ਪੰਜਾਬੀ ਕਹਾਣੀ ਦੀਆਂ ਪ੍ਰਮੁਖ ਪ੍ਰਵਿਰਤੀਆਂ ਬਾਰੇ ਸਮੀਖਿਆਤਮਕ ਅਧਿਐਨ ਪੇਸ਼ ਕਰੋ।

**ਭਾਗ ਦੂਜਾ** 20X2=40

2. 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਦਾ ਵਿਸ਼ੈਗਤ ਅਧਿਐਨ ਉਸਾਰੋ।
3. 'ਏਹੁ ਹਮਾਰਾ ਜੀਵਣਾ' ਨਾਵਲ ਕਿਸ ਮੂਲ ਸਮੱਸਿਆ ਉਪਰ ਕੇਂਦ੍ਰਿਤ ਹੈ, ਵਿਸਤਾਰ ਵਿਚ ਚਰਚਾ ਕਰੋ।
4. ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਦਾ ਵਿਹਾਰਕ ਅਧਿਐਨ ਪੇਸ਼ ਕਰੋ।

**ਭਾਗ ਤੀਜਾ**

5. ਹੇਠ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦੀ ਵਿਹਾਰਕ ਸਮੀਖਿਆ ਪੇਸ਼ ਕਰੋ : 20X1=20

ੳ) ਭਾਬੀ ਮੈਨਾ

ਅ) ਸਵੇਰ ਹੋਣ ਤਕ

**ਭਾਗ ਚੌਥਾ**

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ : 4X5=20
   i. 'ਖੱਬਲ' ਕਹਾਣੀ ਦੀ ਪ੍ਰਤੀਕਾਤਮਕਤਾ ਉਪਰ ਟਿੱਪਣੀ ਕਰੋ।
   ii. ਨਾਵਲ ਦੇ ਸੰਰਚਨਾਤਮਕ ਤੱਤਾਂ ਬਾਰੇ ਜਾਣਕਾਰੀ ਦਿਉ।
   iii. ਬਿਰਤਾਂਤਕ ਜਗਤ ਤੇ ਬਿਰਤਾਂਤਕ ਜੁਗਤ ਵਿਚ ਕੀ ਭੇਦ ਹੈ?
   iv. ਕੋਈ ਚਾਰ ਇਤਿਹਾਸਕ ਨਾਵਲਾਂ ਦੇ ਨਾਂ ਲਿਖੋ।
   v. ਲੋਕ ਕਹਾਣੀ ਤੇ ਨਿੱਕੀ ਕਹਾਣੀ ਵਿਚ ਅੰਤਰ ਦਸੋ।

------ *** ------

Scanned with CamScanner

(This question paper contains 1 printed page)

Unique Paper Code : 212103 Roll. No. ____________

M.A (Punjabi) Sem I-I

Punjabi Course - 103

Name of the Paper : Punjabi Natak ate Rangmanch

(Admissions of 2009 & onwards)

Exam: Nov.-Dec. – 2015

(Regular)

Duration : 3 Hours Max. Marks : 75

ਨੋਟ : ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਸਾਰੇ ਭਾਗ ਕਰਨੇ ਜ਼ਰੂਰੀ ਹਨ

**ਭਾਗ ਪਹਿਲਾ**

1. ਪੰਜਾਬੀ ਨਾਟਕ ਦੇ ਵੱਖ-ਵੱਖ ਸੋਮਿਆਂ ਦਾ ਵਰਨਣ ਕਰਦੇ ਹੋਏ ਇਸ ਦੇ ਵਿਕਾਸ ਵਿਚ ਇਪਟਾ ਦੀ ਭੂਮਿਕਾ ਨਿਸ਼ਚਤ ਕਰੋ। 14

ਜਾਂ

ਨਾਟਕ ਦੀ ਪਰਿਭਾਸ਼ਾ ਕਰਦੇ ਹੋਏ ਨਾਟਕ ਵਿਚ ਅਭਿਨੈ, ਨ੍ਰਿਤ ਅਤੇ ਸੰਗੀਤ ਦੀ ਮਹੱਤਤਾ ਉਤੇ ਚਾਨਣਾ ਪਾਓ।

**ਭਾਗ ਦੂਜਾ**

ਨੋਟ : ਹੇਠ ਲਿਖੇ ਪ੍ਰਸ਼ਨਾਂ 'ਚੋਂ ਕੋਈ **ਤਿੰਨ** ਪ੍ਰਸ਼ਨ ਕਰੋ। 3X14=42

2. ਨਾਟਕ 'ਸੁੰਦਰਾਂ' ਦਾ ਕਾਵਿ-ਨਾਟਕੀ ਪਾਠ ਕਾਦਰਯਾਰ ਅਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨਾਲ ਅੰਤਰ-ਪਾਠੀ ਸੰਵਾਦ ਰਚਾਉਂਦਾ ਹੈ। ਸਪਸ਼ਟ ਕਰੋ।
3. ਮਨਜੀਤ ਪਾਲ ਕੌਰ ਦੇ ਨਾਟਕ ਸੁੰਦਰਾਂ ਦਾ ਕਿਰਦਾਰ ਲੋਕ-ਕਥਾ ਦੀ ਪਾਤਰ ਸੁੰਦਰਾਂ ਨਾਲੋਂ ਕਿੰਞ ਵੱਖਰਾ ਹੈ। ਉਦਾਹਰਨਾ ਸਹਿਤ ਚਰਚਾ ਕਰੋ।
4. ਬਲਵੰਤ ਗਾਰਗੀ ਰਚਿਤ ਨਾਟ-ਸੰਗ੍ਰਹਿ 'ਐਕਟ੍ਰੈਸ' ਦੇ ਨਾਟਕਾਂ ਵਿਚ ਪੇਸ਼ ਕਥਾਨਕ ਦੀ ਵਿਚਾਰਧਾਰ ਬਾਰੇ ਚਰਚਾ ਕਰੋ।
5. ਨਾਟਕ 'ਕਿੰਗ ਮਿਰਜ਼ਾ ਤੇ ਸਪੇਰਾ' ਦਾ ਵਿਸ਼ਾਗਤ ਅਧਿਐਨ ਕਰੋ।

**ਭਾਗ ਤੀਜਾ**

ਨੋਟ : ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਜ਼ਰੂਰੀ ਹਨ। 7X2=14

1. ਨਾਟਕ ਉਸਾਰੀ ਵਿਚ ਦ੍ਰਿਸ਼-ਜੁਗਤ ਦਾ ਕੀ ਮਹੱਤਵ ਹੈ?
2. ਪੰਜਾਬੀ ਵਿਚ ਨਾਟ-ਮੰਚਣ ਦੀ ਸ਼ੁਰੂਆਤ ਕਦੋਂ ਅਤੇ ਕਿਸ ਪ੍ਰਭਾਵ ਅਧੀਨ ਹੋਈ। ਚਰਚਾ ਕਰੋ।
3. ਨਾਟਕ 'ਸੁੰਦਰਾਂ' ਦੀ ਪਾਤਰ ਸੁੰਦਰਾਂ ਨਾਥ ਕੋਲੋਂ ਪੂਰਨ ਨੂੰ ਮੰਗ ਲਿਆਉਣ ਵਿਚ ਕਿਵੇਂ ਕਾਮਯਾਬ ਹੁੰਦੀ ਹੈ। ਚਰਚਾ ਕਰੋ।
4. ਨਾਟਕ ਅਤੇ ਟੀ.ਵੀ. ਨਾਟਕ ਵਿਚ ਕੀ ਅੰਤਰ ਹੈ?
5. 'ਕਿੰਗ ਮਿਰਜ਼ਾ ਤੇ ਸਪੇਰਾ' ਦੇ ਪਾਤਰ ਆਤਮ ਹੱਤਿਆ ਕਿਉਂ ਕਰਨਾ ਚਾਹੁੰਦੇ ਹਨ।
6. ਕਿੰਗ ਮਿਰਜ਼ਾ ਤੇ ਸਪੇਰਾ' ਵਿਚ ਕੁੱਤੇ ਦੇ ਪ੍ਰਤੀਕ ਤੋਂ ਕੀ ਭਾਵ ਹੈ।
7. ਪੰਜਾਬ ਦੇ ਕੋਈ ਦੋ ਕਾਵਿ-ਨਾਟਕਕਾਰਾਂ ਦੇ ਨਾਮ ਲਿਖੋ।

Scanned with CamScanner

(This question paper contains 1 printed page)

Unique Paper Code : 212103

Roll. No. ________________

M.A (Punjabi) Sem I-I

Punjabi Course - 103

Name of the Paper : Punjabi Natak ate Rangmanch

(Admissions of 2009 & onwards)

Exam: Nov.-Dec. – 2015

(NCWEB)

Duration : 3 Hours

Max. Marks : 100

ਨੋਟ : ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਸਾਰੇ ਭਾਗ ਕਰਨੇ ਜ਼ਰੂਰੀ ਹਨ

**ਭਾਗ ਪਹਿਲਾ**

1. ਨਾਟਕ ਸ਼ਬਦ ਦੇ ਅਰਥ ਅਤੇ ਸਰੋਤ ਦਾ ਵਰਨਣ ਕਰਦੇ ਹੋਏ ਇਸ ਦੇ ਲਈ ਲੋੜੀਂਦੇ ਤੱਤਾਂ ਦੀ ਚਰਚਾ ਕਰੋ। 20

ਜਾਂ

ਨਾਟਕ ਇਕ ਮਿਸ਼ਰਤ ਕਲਾ ਹੈ। ਇਸ ਬਿਆਨ ਨੂੰ ਸਪਸ਼ਟ ਕਰਦੇ ਹੋਏ ਪੰਜਾਬੀ ਰੰਗ-ਮੰਚ ਦੇ ਵਿਕਾਸ ਉਤੇ ਵਿਸਤ੍ਰਿਤ ਟਿੱਪਣੀ ਕਰੋ।

**ਭਾਗ ਦੂਜਾ**

ਨੋਟ : ਹੇਠ ਲਿਖਿਆਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ। 3X20=60

2. ਨਾਟਕ ਅਤੇ ਟੀ.ਵੀ. ਨਾਟਕ ਵਿਚ ਅੰਤਰ ਸਪਸ਼ਟ ਕਰਦੇ ਹੋਏ ਐਕਟ੍ਰੈਸ ਨਾਟ-ਸੰਗ੍ਰਹਿ ਦੇ ਨਾਟਕਾਂ ਦਾ ਟੀ.ਵੀ. ਨਾਟਕਾਂ ਵਜੋਂ ਅਧਿਐਨ ਕਰੋ।
3. ਐਕਟ੍ਰੈਸ ਨਾਟ-ਸੰਗ੍ਰਹਿ ਵਿਚ ਇਸਤਰੀ ਦੇ ਵੱਖ-ਵੱਖ ਰੂਪਾਂ ਨੂੰ ਚਿਤਰਿਆ ਗਿਆ ਹੈ। ਸਪਸ਼ਟ ਕਰੋ।
4. ਨਾਟਕ 'ਕਿੰਗ ਮਿਰਜ਼ਾ ਤੇ ਸਪੇਰਾ' ਨਾਟਕ ਦੀਆਂ ਨਾਟਕੀ ਜੁਗਤਾਂ ਦੀ ਚਰਚਾ ਕਰੋ।
5. ਮਨਜੀਤ ਪਾਲ ਕੌਰ ਦੇ ਨਾਟਕ 'ਸੁੰਦਰਾਂ' ਦੀ ਥੀਮਿਕ ਵਿਲੱਖਣਤਾ ਉਪਰ ਵਿਸਤ੍ਰਿਤ ਚਰਚਾ ਕਰੋ।

**ਭਾਗ ਤੀਜਾ**

ਨੋਟ : ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਜ਼ਰੂਰੀ ਹਨ। 4X5=20

1. ਨਾਟਕ ਅਤੇ ਰੰਗ-ਮੰਚ ਦਾ ਪ੍ਰਸਪਰ ਸੰਬੰਧ ਨਿਸ਼ਚਿਤ ਕਰੋ।
2. ਪੰਜਾਬੀ ਵਿਚ ਪਾਰਸੀ ਥੀਏਟਰ ਸ਼ੈਲੀ ਦੇ ਪ੍ਰਵੇਸ਼ ਅਤੇ ਪ੍ਰਭਾਵਾਂ ਬਾਰੇ ਚਰਚਾ ਕਰੋ।
3. ਐਕਟ੍ਰੈਸ ਸੰਗ੍ਰਹਿ ਦੇ ਨਾਟਕ 'ਲੀਡਰ' ਦੀ ਪਾਤਰ ਕਾਮਿਨੀ ਵਿਚੋਂ ਔਰਤ ਦਾ ਕਿਹੜਾ ਬਿੰਬ ਉਭਰਦਾ ਹੈ।
4. ਦੁਖਾਂਤ ਅਤੇ ਸੁਖਾਂਤ ਨਾਟਕ ਵਿਚ ਕੀ ਅੰਤਰ ਹੈ? ਸਪਸ਼ਟ ਕਰੋ।
5. ਸੁਰਜੀਤ ਸਿੰਘ ਸੇਠੀ ਦੇ ਨਾਟਕ 'ਕਿੰਗ ਮਿਰਜ਼ਾਂ ਤੇ ਸਪੇਰਾ' ਵਿਚ 'ਸੁਲਤਾਨਾ' ਕਿਸ ਕਿਸਮ ਦੀ ਨਾਰੀ ਦਾ ਬਿੰਬ ਸਿਰਜਦੀ ਹੈ।

Scanned with CamScanner

Unique Paper Code: P- 212104 Roll No........................

**M.A. (Punjabi) Sem. I-I**
**Course No-104 ( i)**
**Paper: Pakistani Punjabi Sahit : Sidhant, Itihas ate Parvirtian**
**(Admission of 2009& onwards)**
**(Regular)**
**(Nov-Dec-2015)**

**ਕੁੱਲ ਸਮਾਂ:ਤਿੰਨ ਘੰਟੇ** **ਕੁੱਲ ਅੰਕ:70**

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ **ਇਕ**,ਭਾਗ ਦੂਜਾ ਵਿਚੋਂ **ਦੋ** ਅਤੇ ਤੀਜੇ ਵਿਚੋਂ **ਇਕ** ਪ੍ਰਸ਼ਨ ਕਰੋ।ਚੌਥੇ ਭਾਗ ਦੇ **ਸਾਰੇ** ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

1. ਪਾਕਿਸਤਾਨੀ ਪੰਜਾਬੀ ਸਾਹਿਤ ਦੇ ਇਤਿਹਾਸ ਲੇਖਣ ਦੀਆਂ ਸਮੱਸਿਆਵਾਂ ਉਪਰ ਵਿਸਤ੍ਰਿਤ ਟਿੱਪਣੀ ਕਰੋ।

ਜਾਂ

ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਤੇ ਲਿਪੀ ਦਾ ਬੁਨਿਆਦੀ ਮਸਲਾ ਕੀ ਹੈ? ਵਿਸਤਾਰ ਸਹਿਤ ਚਰਚਾ ਕਰੋ।

14

**ਭਾਗ ਦੂਜਾ**

2. 'ਦੁੱਖ ਦਰਿਆਓਂ ਪਾਰ' ਪਾਠ-ਪੁਸਤਕ ਦੇ ਆਧਾਰ 'ਤੇ ਪਾਕਿਸਤਾਨੀ ਪੰਜਾਬੀ ਕਵਿਤਾ ਦੇ ਮੂਲ ਸਰੋਕਾਰਾਂ ਨਾਲ ਜਾਣ-ਪਛਾਣ ਕਰਾਓ।
3. 'ਰਾਵੀਓਂ ਪਾਰ' ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਲੇਡੀ' ਮਾਨਵੀ ਰਿਸ਼ਤਿਆਂ ਦਾ ਅਨੋਖਾ ਬਿੰਬ ਕਿਵੇਂ ਉਸਾਰਦੀ ਹੈ? ਵਿਸਤਾਰ ਸਹਿਤ ਚਰਚਾ ਕਰੋ।
4. 'ਬੇਵਤਨਾ' ਨਾਵਲ ਪਾਕਿਸਤਾਨੀ ਜੀਵਨ ਦਾ ਕਿਹੋ-ਜਿਹਾ ਬਿੰਬ ਉਸਾਰਦਾ ਹੈ?ਇਸ ਬਾਰੇ ਆਪਣੇ ਵਿਚਾਰ ਪੇਸ਼ ਕਰੋ।

2×14=28

**ਭਾਗ ਤੀਜਾ**

5. ਪ੍ਰੋ. ਸ਼ਰੀਫ਼ ਕੁੰਜਾਹੀ ਦੀ ਕਵਿਤਾ 'ਵੀਰ ਤੂੰ ਕੁੰਜਾਹ ਦਾ ਏਂ' ਦੀ ਵਿਹਾਰਕ ਸਮੀਖਿਆ ਕਰੋ।

ਜਾਂ

ਅਸਲਮ ਰਾਣਾ ਦੀ ਕਹਾਣੀ 'ਭੜੋਲਾ' ਦੀ ਵਿਹਾਰਕ ਸਮੀਖਿਆ ਕਰੋ।

14

**ਭਾਗ ਤੀਜਾ**

6. ਨੋਟ: ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:-

ੳ. 'ਪਾਕਿਸਤਾਨੀਅਤ' ਸੰਕਲਪ ਦੀ ਵਿਆਖਿਆ ਕਰੋ।
ਅ. 'ਗ਼ਜ਼ਲ' ਨੂੰ ਪਰਿਭਾਸ਼ਤ ਕਰੋ।
ੲ. 'ਸੇਲਜ਼ਮੈਨ' ਕਹਾਣੀ ਸਮਾਜ ਦੇ ਕਿਸ ਮੁੱਦੇ ਉਤੇ ਕੇਂਦਰਿਤ ਹੈ?
ਸ. 'ਬੇਵਤਨਾ' ਨਾਵਲ ਵਿਚ 'ਚੁਹੱਥੇ' ਤੋਂ ਕੀ ਭਾਵ ਹੈ?
ਹ. ਕੋਈ ਚਾਰ ਆਧੁਨਿਕ ਪਾਕਿਸਤਾਨੀ ਪੰਜਾਬੀ ਕਵੀਆਂ ਦੇ ਨਾਂ ਲਿਖੋ।
ਕ. 'ਰਾਵੀਓਂ ਪਾਰ' ਕਹਾਣੀ ਸੰਗ੍ਰਹਿ ਵਿਚ 'ਚਰਖੇ ਦੀ ਮੌਤ' ਕਿਵੇਂ ਤੇ ਕਿਉਂ ਹੁੰਦੀ ਹੈ?
ਖ. 'ਬੇਵਤਨਾ' ਸ਼ਬਦ ਦੇ ਅਰਥ ਨੂੰ ਨਾਵਲ ਦੇ ਪ੍ਰਸੰਗ ਵਿਚ ਸਪੱਸ਼ਟ ਕਰੋ।

2×7=14

Scanned with CamScanner

Unique Paper Code: P- 212104

Roll No.........................

**M.A. (Punjabi) Sem. I-I**
**Course No-104 (i)**
**Paper: Pakistani Punjabi Sahit : Sidhant, Itihas ate Parvirtian**
**(Admission of 2009& onwards)**
**(NCWEB)**
**(Nov-Dec-2015)**

**ਕੁੱਲ ਸਮਾਂ:ਤਿੰਨ ਘੰਟੇ**

**ਕੁੱਲ ਅੰਕ:100**

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ **ਇਕ**,ਭਾਗ ਦੂਜਾ ਵਿਚੋਂ **ਦੋ** ਅਤੇ ਤੀਜੇ ਵਿਚੋਂ **ਇਕ** ਪ੍ਰਸ਼ਨ ਕਰੋ।ਚੌਥੇ ਭਾਗ ਦੇ **ਸਾਰੇ** ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

1. ਪਾਕਿਸਤਾਨੀ ਪੰਜਾਬੀ ਸਾਹਿਤ,ਭਾਰਤੀ ਪੰਜਾਬੀ ਸਾਹਿਤ ਨਾਲੋਂ ਕਿਵੇਂ ਵੱਖਰਾ ਹੈ?ਵਿਸਤ੍ਰਿਤ ਨੋਟ ਲਿਖੋ।

ਜਾਂ

ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਨੂੰ ਕਿਹੋ-ਜਿਹੀਆਂ ਮੁਸ਼ਕਿਲਾਂ ਦਰਪੇਸ਼ ਹਨ? ਚਰਚਾ ਕਰੋ। 20

**ਭਾਗ ਦੂਜਾ**

2. 'ਦੁੱਖ ਦਰਿਆਓਂ ਪਾਰ ' ਦੇ ਆਧਾਰ 'ਤੇ ਪਾਕਿਸਤਾਨੀ ਪੰਜਾਬੀ ਕਵਿਤਾ ਵਿਚ ਪੇਸ਼ ਕੇਂਦਰੀ ਕਾਵਿ-ਸੁਰਾਂ ਉਤੇ ਆਲੋਚਨਾਤਮਕ ਨੋਟ ਲਿਖੋ।
3. 'ਰਾਵੀਓਂ ਪਾਰ' ਕਹਾਣੀ ਸੰਗ੍ਰਹਿ ਦੇ ਕਥਾ-ਸਰੋਕਾਰਾਂ ਨੂੰ ਅਧਿਐਨ ਦਾ ਵਿਸ਼ਾ ਬਣਾਓ।
4. 'ਬੇਵਤਨਾ' ਨਾਵਲ ਸਮੁੱਚੇ ਸਿਸਟਮ 'ਤੇ ਗੰਭੀਰ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ।ਵਿਸਤ੍ਰਿਤ ਚਰਚਾ ਕਰੋ।

2×20=40

**ਭਾਗ ਤੀਜਾ**

5. 'ਸੱਪ ਤੇ ਖ਼ੁਸ਼ਬੂ' ਕਹਾਣੀ ਦਾ ਵਿਹਾਰਕ ਅਧਿਐਨ ਪੇਸ਼ ਕਰੋ।

ਜਾਂ

'ਤੰਦੂਰ' ਕਵਿਤਾ ਦੀ ਸਾਹਿਤਕ ਸਮੀਖਿਆ ਕਰੋ।

20

**ਭਾਗ ਤੀਜਾ**

6. ਨੋਟ: ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:-
   1. ਚਾਰ ਪਾਕਿਸਤਾਨੀ ਕਹਾਣੀਕਾਰਾਂ ਦੇ ਨਾਂ ਲਿਖੋ।
   2. ਪਾਕਿਸਤਾਨੀ ਪੰਜਾਬੀ ਕਵਿਤਾ ਦੀ ਭਾਸ਼ਾ ਉਤੇ ਟਿੱਪਣੀ ਕਰੋ।
   3. ਫ਼ਖ਼ਰ ਜ਼ਮਾਨ ਦੀਆਂ ਚਾਰ ਕਿਤਾਬਾਂ ਦੇ ਨਾਂ ਲਿਖੋ।
   4. 'ਚਰਖੇ ਦੀ ਮੌਤ' ਦਾ ਪ੍ਰਤੀਕ ਅਰਥ ਸਪੱਸ਼ਟ ਕਰੋ।
   5. ਕੋਈ ਚਾਰ ਆਧੁਨਿਕ ਪਾਕਿਸਤਾਨੀ ਪੰਜਾਬੀ ਕਵੀਆਂ ਦੇ ਨਾਂ ਲਿਖੋ।

4×5=20

Scanned with CamScanner

Unique Code: **P-212104 (ii)**

Roll No............

M.A. (Punjabi) Sem. I-I
Punjabi: Course No - 104 (ii)
**Paper:** Comparative Indian Literature: History, Theory and Tendencies
(Admission of 2009 & onwards)
(Regular)
(Nov.-Dec. 2015)

ਕੁੱਲ ਸਮਾਂ: ਤਿੰਨ ਘੰਟੇ

ਕੁੱਲ ਅੰਕ:70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਤੁਲਨਾਤਮਕ ਭਾਰਤੀ ਸਾਹਿਤ ਨਾਲ ਜੁੜੀਆਂ ਪ੍ਰਮੁੱਖ ਸਮੱਸਿਆਵਾਂ ਤੋਂ ਜਾਣੂ ਕਰਵਾਉਂਦਿਆਂ ਇਹਨਾਂ ਦੇ ਹੱਲ ਲਈ ਯੋਗ ਸੁਝਾਅ ਦਿਓ।
2. ਮਰਾਠੀ ਨਾਵਲ ਦੇ ਉਦਭਵ ਅਤੇ ਵਿਕਾਸ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ। 1X14=14

## ਭਾਗ ਦੂਜਾ

3. 'ਵਿਸ਼ਨੂੰ ਸਖਾਰਾਮ ਖਾਂਡੇਕਰ ਰਚਿਤ ਨਾਵਲ 'ਯਯਾਤੀ' ਜੋਗ ਅਤੇ ਭੋਗ ਦੇ ਤਣਾਅ ਵਿਚੋਂ ਬਿਰਤਾਂਤਕ ਸਰੂਪ ਧਾਰਨ ਕਰਦਾ ਹੈ', ਇਸ ਕਥਨ ਬਾਰੇ ਆਪਣੇ ਵਿਚਾਰ ਵਿਅਕਤ ਕਰੋ।
4. ਨਾਟਕ 'ਅੱਧੇ ਅਧੂਰੇ' ਦਾ ਯਥਾਰਥਵਾਦੀ ਦ੍ਰਿਸ਼ਟੀ ਤੋਂ ਅਧਿਐਨ ਕਰੋ।
5. ਰਾਜਸਥਾਨੀ ਕਵਿਤਾ ਦੇ ਨਿਕਾਸ ਅਤੇ ਵਿਕਾਸ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ। 2X14=28

## ਭਾਗ ਤੀਜਾ

6. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦੀ ਵਿਹਾਰਕ ਸਮੀਖਿਆ ਕਰੋ:-

ੳ. ਆਪਣੀ ਵਾਰੀ ਦੀ ਉਡੀਕ 'ਚ (ਚੰਦਰ ਪ੍ਰਕਾਸ਼ ਦੇਵਲ)
ਅ. ਅਗਨ-ਸ਼ਨਾਨ (ਅਰਜੁਨ ਦੇਵ ਚਾਰਣ)

1X14=14

## ਭਾਗ ਚੌਥਾ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:-

ੳ. ਇਕ ਅਕਾਦਮਿਕ ਵਿਸ਼ੇ ਵਜੋਂ ਤੁਲਨਾਤਮਕ ਸਾਹਿਤ ਕਿੱਥੇ-ਕਿੱਥੇ ਪੜ੍ਹਾਇਆ ਜਾਂਦਾ ਹੈ?
ਅ. ਅੱਧੇ ਅਧੂਰੇ ਨਾਟਕ ਤੋਂ ਬਿਨਾਂ ਮੋਹਨ ਰਾਕੇਸ਼ ਦੇ ਦੋ ਹੋਰ ਨਾਟਕਾਂ ਦੇ ਨਾਂ ਲਿਖੋ।
ੲ. ਸਵਿੱਤਰੀ ਦੀ ਛੋਟੀ ਬੇਟੀ ਦਾ ਕੀ ਨਾਂ ਹੈ ਅਤੇ ਨਾਟਕ ਵਿਚੋਂ ਉਸ ਦਾ ਕਿਹੋ ਜਿਹਾ ਬਿੰਬ ਉਭਰਦਾ ਹੈ?
ਸ. ਨਾਵਲ 'ਯਯਾਤੀ' ਵਿਚਲੇ ਸ਼ੁਕਰਾਚਾਰੀਆ ਪਾਤਰ ਬਾਰੇ ਸੰਖੇਪ ਨੋਟ ਲਿਖੋ।
ਹ. ਨਾਵਲ 'ਯਯਾਤੀ' ਵਿਚਲੀ ਇਡੀਪਸ ਗੁੰਝਲ ਬਾਰੇ ਸਪੱਸ਼ਟ ਕਰੋ।
ਕ. ਰਾਜਸਥਾਨੀ ਕਵੀ ਕਨ੍ਹਈਆ ਲਾਲ ਸੇਠੀਆਂ ਦੀਆਂ ਦੋ ਕਾਵਿ-ਪੁਸਤਕਾਂ ਦੇ ਨਾਂ ਲਿਖੋ।
ਖ. ਕੋਈ ਚਾਰ ਰਾਜਸਥਾਨੀ ਕਵੀਆਂ ਦੇ ਨਾਂ ਲਿਖੋ।

7X2=14

Scanned with CamScanner

Copy

Roll No........

M.A. (Punjabi) Sem. II-I
Punjabi: Course No . 301
Unique Code : P-212301
**Paper:** Classical Sidhant Chintan te Tulnatmik Adhian
(Admission of 2009 & onwards)
(Regular)
(Nov.-Dec. 2015)

ਕੁੱਲ ਸਮਾਂ: ਤਿੰਨ ਘੰਟੇ

ਕੁੱਲ ਅੰਕ:70

**ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ।**

**ਭਾਗ ਪਹਿਲਾ**

1. ਭਾਰਤੀ ਕਾਵਿ-ਸ਼ਾਸਤਰ ਦੇ ਇਤਿਹਾਸ ਨਾਲ ਵਿਸਤ੍ਰਿਤ ਜਾਣ-ਪਛਾਣ ਕਰਾਓ।

**ਜਾਂ**

ਭਾਰਤੀ ਕਾਵਿ-ਸ਼ਾਸਤਰ ਦੀ ਦ੍ਰਿਸ਼ਟੀ ਤੋਂ ਮਹਾਂਕਾਵਿ ਦੇ ਸਰੂਪ ਬਾਰੇ ਚਰਚਾ ਕਰੋ। 14×1=14

**ਭਾਗ ਦੂਜਾ**

2. ਆਨੰਦ ਵਰਧਨ ਦੇ ਧੁਨੀ ਸਿਧਾਂਤ ਦੀ ਵਿਸਤਾਰ ਸਹਿਤ ਵਿਆਖਿਆ ਕਰੋ।

**ਜਾਂ**

ਸਾਧਾਰਨੀਕਰਨ ਦੇ ਸੰਕਲਪ ਬਾਰੇ ਤੁਸੀਂ ਕੀ ਜਾਣਦੇ ਹੋ ? ਚਰਚਾ ਕਰੋ। 14×1=14

**ਭਾਗ ਤੀਜਾ**

3. ਅਨੁਕਰਣ ਤੋਂ ਕੀ ਭਾਵ ਹੈ ? ਇਸ ਬਾਰੇ ਪਲੈਟੋ ਅਤੇ ਅਰਸਤੂ ਦੇ ਵਿਚਾਰਾਂ ਨੂੰ ਸਪੱਸ਼ਟ ਕਰੋ।

**ਜਾਂ**

ਤ੍ਰਾਸਦੀ ਨੂੰ ਪਰਿਭਾਸ਼ਤ ਕਰਦੇ ਹੋਏ ਇਸ ਦੇ ਮੁੱਖ ਤੱਤਾਂ ਦੀ ਵਿਆਖਿਆ ਕਰੋ। 14×1=14

**ਭਾਗ ਚੌਥਾ**

4. ਉਦਾਤ ਰਚਨਾ ਤੋਂ ਕੀ ਭਾਵ ਹੈ? ਲੌਨਜਾਇਨਸ ਮੁਤਾਬਕ ਕਿਹੜੇ ਗੁਣ ਕਿਸੇ ਰਚਨਾ ਨੂੰ ਉਦਾਤ ਬਣਾਉਂਦੇ ਹਨ?

**ਜਾਂ**

ਲੌਨਜਾਇਨਸ ਨੇ ਉਦਾਤ ਰਚਨਾ ਦੇ ਕਿਹੜੇ ਪੰਜ ਸੋਮਿਆਂ ਦੀ ਗੱਲ ਕੀਤੀ ਹੈ ? ਚਰਚਾ ਕਰੋ।

14×1=14

**ਭਾਗ ਪੰਜਵਾਂ**

5. ਸਾਰੇ ਪ੍ਰਸ਼ਨਾਂ ਦੇ ਸੰਖੇਪ ਤੇ ਸਪੱਸ਼ਟ ਉੱਤਰ ਦਿਓ: 7×2=14

ੳ) ਕਾਵਿ ਦਾ ਪ੍ਰਯੋਜਨ ਕੀ ਭਾਵ ਹੈ ?

ਅ) ਸਥਾਈ ਤੇ ਸੰਚਾਰੀ ਭਾਵ ਵਿਚ ਕੀ ਅੰਤਰ ਹੈ ?

ੲ) ਵਿਅੰਜਨਾ ਸ਼ਬਦ ਸ਼ਕਤੀ ਤੋਂ ਕੀ ਭਾਵ ਹੈ ?

ਸ) ਵਿਰੇਚਨ ਕੀ ਹੈ ?

ਹ) ਪਲੈਟੋ ਨੇ ਕਾਵਿ ਨੂੰ ਰੱਦ ਕਿਉਂ ਕੀਤਾ ?

ਕ) ਖੰਡ ਕਾਵਿ ਦੀ ਪਰਿਭਾਸ਼ਾ ਦਿਓ ?

ਖ) ਸ਼ਬਦ ਆਡੰਬਰ ਤੋਂ ਕੀ ਭਾਵ ਹੈ ?

Scanned with CamScanner

Roll No........

M.A. (Punjabi) Sem. II-I
Punjabi: Course No - 301
Unique Code : P-212301
**Paper:** Classical Sidhant Chintan te Tulnatamak Adhhian
(Admission of 2009 & onwards)
(NCWEB)
(Nov.-Dec. 2015)

ਕੁੱਲ ਸਮਾਂ: ਤਿੰਨ ਘੰਟੇ — ਕੁੱਲ ਅੰਕ: 100

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ।

## ਭਾਗ ਪਹਿਲਾ

1. ਭਾਰਤੀ ਕਾਵਿ-ਸ਼ਾਸਤਰ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਤ੍ਰਿਤ ਨੋਟ ਲਿਖੋ। 20×1=20

ਜਾਂ

ਭਾਰਤੀ ਕਾਵਿ-ਸ਼ਾਸਤਰੀ ਨਜ਼ਰੀਏ ਤੋਂ ਕਾਵਿ ਦੀ ਪ੍ਰਕਿਰਤੀ ਤੇ ਪ੍ਰਯੋਜਨ ਬਾਰੇ ਚਰਚਾ ਕਰੋ।

## ਭਾਗ ਦੂਜਾ

2. ਭਰਤ ਮੁਨੀ ਦੇ ਰਸ ਸਿਧਾਂਤ ਦੀ ਵਿਸਤਾਰ ਸਹਿਤ ਵਿਆਖਿਆ ਕਰੋ। 20×1=20

ਜਾਂ

ਧੁਨੀ ਦਾ ਆਧਾਰ ਕਿਹੜੀਆਂ ਤਿੰਨ ਸ਼ਬਦ ਸ਼ਕਤੀਆਂ ਹਨ? ਚਰਚਾ ਕਰੋ।

## ਭਾਗ ਤੀਜਾ

3. ਅਰਸਤੂ ਦੇ ਤ੍ਰਾਸਦੀ ਦੇ ਸੰਕਲਪ ਦੀ ਵਿਆਖਿਆ ਕਰੋ । 20×1=20

ਜਾਂ

ਵਿਰੇਚਨ ਸਿਧਾਂਤ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਤਾਰ ਸਹਿਤ ਚਰਚਾ ਕਰੋ।

## ਭਾਗ ਚੌਥਾ

4. ਲੌਨਜਾਇਨਸ ਨੇ ਉਦਾਤ ਰਚਨਾ ਦੇ ਕੀ ਗੁਣ-ਦੋਸ਼ ਦੱਸੇ ਹਨ ? ਚਰਚਾ ਕਰੋ। 20×1=20

ਜਾਂ

ਉਦਾਤ ਰਚਨਾ ਦੇ ਮੁੱਖ ਸੋਮਿਆਂ ਤੋਂ ਜਾਣੂ ਕਰਾਓ।

## ਭਾਗ ਪੰਜਵਾਂ

5. ਸਾਰੇ ਪ੍ਰਸ਼ਨਾਂ ਦੇ ਸੰਖੇਪ ਤੇ ਸਪੱਸ਼ਟ ਉੱਤਰ ਦਿਓ: 5×4=20

ੳ) ਮਹਾਂਕਾਵਿ ਤੋਂ ਕੀ ਭਾਵ ਹੈ ?

ਅ) ਸਾਧਾਰਨੀਕਰਨ ਨੂੰ ਪਰਿਭਾਸ਼ਤ ਕਰੋ।

ੲ) ਅਭਿਧਾ ਤੇ ਲੱਖਣਾ ਸ਼ਬਦ ਸ਼ਕਤੀ ਵਿਚਲਾ ਅੰਤਰ ਸਪੱਸ਼ਟ ਕਰੋ।

ਸ) ਅਨੁਕਰਣ ਤੋਂ ਕੀ ਭਾਵ ਹੈ ?

ਹ) ਤ੍ਰਾਸਦੀ ਦੇ ਨਾਇਕ ਉੱਤੇ ਸੰਖੇਪ ਨੋਟ ਲਿਖੋ।

Scanned with CamScanner

Unique Code: P-212302 Roll No............

M.A. (Punjabi) Sem.II-1
Punjabi: Course No-302
Paper: Punjabi Sufi Kaav: History, Theory and Tendencies
(Admission of 2009& onwards)
(Regular)
(Nov.-Dec. 2014)

ਕੁੱਲ ਸਮਾਂ:ਤਿੰਨ ਘੰਟੇ ਕੁੱਲ ਅੰਕ:70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਪੰਜਾਬੀ ਸੂਫ਼ੀ ਕਾਵਿ ਦੇ ਕਾਵਿ ਸ਼ਾਸਤਰ ਬਾਰੇ ਵਿਸਤਾਰ ਪੂਰਵਕ ਚਰਚਾ ਕਰੋ ।
2. 'ਸੂਫ਼ੀ' ਸ਼ਬਦ ਦੇ ਅਰਥ ਸਪਸ਼ਟ ਕਰਦਿਆਂ ਪੰਜਾਬੀ ਸੂਫੀ ਕਾਵਿ ਦੇ ਇਤਿਹਾਸਕ ਵਿਕਾਸ ਨਾਲ ਜਾਣ-ਪਛਾਣ ਕਰਵਾਓ । 1X14=14

## ਭਾਗ ਦੂਜਾ

3. ਸ਼ੇਖ ਫਰੀਦ ਦੀ ਬਾਣੀ ਵਿਚਲੇ ਵਿਚਾਰਧਾਰਕ ਸਰੋਕਾਰਾਂ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ।
4. ਸੁਲਤਾਨ ਬਾਹੂ ਦੀ ਰਚਨਾ ਵਿਚ ਨਿਹਿਤ 'ਇਸ਼ਕ ਹਕੀਕੀ' ਦੇ ਸੰਕਲਪ ਨੂੰ ਅਧਾਰ ਬਣਾ ਕੇ ਆਪਣੇ ਵਿਚਾਰ ਪੇਸ਼ ਕਰੋ।
5. ਬੁੱਲੇ ਸ਼ਾਹ ਦੀਆਂ ਕਾਫੀਆਂ ਵਿਚੋਂ ਸਮਾਜਕ ਜਾਗਰੂਕਤਾ ਕਿਵੇਂ ਪੇਸ਼ ਹੁੰਦੀ ਹੈ ? ਵਿਸਤ੍ਰਿਤ ਨੋਟ ਲਿਖੋ।

14**X2**=28

## ਭਾਗ ਤੀਜਾ

6. ਹੇਠ ਲਿਖੇ ਕਿਸੇ ਇਕ ਕਾਵਿ-ਟੋਟੇ ਦੀ ਵਿਹਾਰਕ ਸਮੀਖਿਆ ਕਰੋ:

(ੳ) ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ ।
ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ, ਹੋਰ ਖਿਆਲ ਨਾ ਕੋਈ।
ਮੈਂ ਨਹੀਂ ਉਹ ਆਪ ਹੈ, ਆਪਣੀ ਆਪ ਕਰੇ ਦਿਲਜੋਈ।
ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ ।
ਹੱਥ ਖੂੰਡੀ ਮੇਰੇ ਅੱਗੇ ਮੰਗੂ, ਮੋਢੇ ਭੂਰੀ ਲੋਈ ।
ਬੁੱਲ੍ਹਾ ਹੀਰ ਸਲੇਟੀ ਵੇਖੋ, ਕਿੱਥੇ ਜਾ ਖਲੋਈ।
ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ ।

ਜਾਂ

Scanned with CamScanner

ਅ. ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ ॥੧॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ।
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥ 1X14=14

## ਭਾਗ ਚੌਥਾ

ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸਪੱਸ਼ਟ ਅਤੇ ਸੰਖੇਪ ਉੱਤਰ ਦਿਓ :

ੳ. ਸੂਫ਼ੀ ਮੱਤ ਨਾਲ ਸੰਬੰਧਤ ਕੋਈ ਚਾਰ ਫਿਰਕਿਆਂ ਦੇ ਨਾਂ ਲਿਖੋ।
ਅ. ਸੂਫ਼ੀ ਮੱਤ ਤੋਂ ਕੀ ਭਾਵ ਹੈ?
ੲ. ਫਰੀਦ ਬਾਣੀ ਵਿਚਲੇ ਬਿਰਹਾ ਦੇ ਸੰਕਲਪ ਉਤੇ ਸੰਖੇਪ ਟਿੱਪਣੀ ਲਿਖੋ।
ਸ. ਬੁੱਲੇ ਸ਼ਾਹ ਦੀ ਰਚਨਾ ਕਿਹੜੇ ਸਾਹਿਤਕ ਰੂਪਾਕਾਰਾਂ ਵਿਚ ਉਪਲਬਧ ਹੈ?
ਹ. ਸੀ-ਹਰਫ਼ੀ ਤੋਂ ਤੁਸੀਂ ਕੀ ਸਮਝਦੇ ਹੋ?
ਕ. ਇਸਲਾਮੀ ਸ਼ਰੀਅਤ ਦੇ ਸੰਕਲਪ ਦੀ ਵਿਆਖਿਆ ਕਰੋ।
ਖ. ਪੰਜਾਬੀ ਸੂਫ਼ੀ ਕਾਵਿ ਰਚਨਾ ਨਾਲ ਸੰਬੰਧਤ ਕੋਈ ਚਾਰ ਸਾਹਿਤਕ ਰੂਪਾਕਾਰਾਂ ਦੇ ਨਾਂ ਲਿਖੋ। 7X2=14

Scanned with CamScanner

(This question paper contains **2** printed pages)

Unique Paper Code : 212302 Roll. No. ____________

M.A (Punjabi) Sem II-I

Punjabi Course - 302

Name of the Paper : History, Theory and Tendencies

(Admissions of 2009 & onwards)

Exam: Nov.-Dec. – 2015

(NCWEB)

Duration : 3 Hours Max. Marks : 100

ਨੋਟ : ਪਹਿਲੇ ਭਾਗ ਵਿਚੋਂ **ਇਕ**, ਦੂਜੇ ਵਿਚੋਂ **ਦੋ** ਅਤੇ ਤੀਜੇ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਓ। ਚੌਥੇ ਭਾਗ ਦੇ **ਸਾਰੇ** ਪ੍ਰਸ਼ਨਾਂ ਦਾ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

ਨੋਟ : ਹੇਠ ਲਿਖੇ ਪ੍ਰਸ਼ਨਾਂ 'ਚੋਂ ਕੋਈ **ਇਕ** ਪ੍ਰਸ਼ਨ ਕਰੋ। **20X1=20**

1. ਪੰਜਾਬੀ ਸੂਫ਼ੀ ਕਵਿਤਾ ਦੇ ਮੁੱਢ ਅਤੇ ਵਿਕਾਸ ਬਾਰੇ ਭਰਵੀਂ ਜਾਣਕਾਰੀ ਦਿਓ।
2. ਸ਼ਬਦ, ਸਲੋਕ, ਸੀਹਰਫ਼ੀ ਅਤੇ ਕਾਫ਼ੀ ਕਾਵਿ-ਰੂਪਾਂ ਬਾਰੇ ਪੰਜਾਬੀ ਸੂਫ਼ੀ ਕਵੀਆਂ ਦੀ ਰਚਨਾ ਦੇ ਹਵਾਲੇ ਨਾਲ ਜਾਣਕਾਰੀ ਦਿਓ।

## ਭਾਗ ਦੂਜਾ

ਨੋਟ : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੇਵਲ **ਦੋ** ਪ੍ਰਸ਼ਨਾਂ ਦੇ ਉੱਤਰ ਦਿਓ। **20X2=40**

3. ਫ਼ਰੀਦ ਬਾਣੀ ਵਿਚ ਪੇਸ਼ ਇਸਲਾਮੀ, ਅਧਿਆਤਮਕ ਮਾਨਵਤਾਵਾਂ ਅਤੇ ਨੈਤਿਕ ਮੁੱਲਾਂ ਬਾਰੇ ਚਰਚਾ ਕਰੋ।
4. ਸੁਲਤਾਨ ਬਾਹੂ ਦੇ ਸ਼ਰ੍ਹਾ ਸੰਬੰਧੀ ਵਿਚਾਰਾਂ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਓ।
5. ਕਲਾਮ ਬੁੱਲ੍ਹੇ ਸ਼ਾਹ ਦੀਆਂ ਕਾਵਿਕ-ਵਿਸ਼ੇਸ਼ਤਾਵਾਂ ਬਾਰੇ ਅਧਿਐਨ ਪੇਸ਼ ਕਰੋ।

## ਭਾਗ ਤੀਜਾ

ਨੋਟ : ਹੇਠ ਲਿਖੇ ਪ੍ਰਸ਼ਨਾਂ 'ਚੋਂ ਕੋਈ **ਇਕ** ਪ੍ਰਸ਼ਨ ਕਰੋ। **20X1=20**

6. ਕਿਸੇ ਇਕ ਕਾਵਿ-ਟੁਕੜੀ ਦੀ ਵਿਹਾਰਕ ਸਮੀਖਿਆ ਪੇਸ਼ ਕਰੋ :

ੳ) ਦਿਲਹੁ ਮੁਹਬਤਿ ਜਿਨ੍ਹ ਸੇਈ ਸਚਿਆ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥1॥
ਰਤੇ ਇਸਕ ਖੁਦਾਇ ਰੰਗਿ ਦੀ ਦਾਰ ਕੇ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥2॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਪੈਰੁ ਦੀਜੈ ਬੰਦਗੀ॥

ਅ) ਅਲਫ਼ - ਇਹ ਤਨ ਮੇਰਾ ਚਸ਼ਮਾ ਹੋਵੇ ਮੈਂ ਮੁਰਸ਼ਦ ਵੇਖ ਨ ਰੱਜਾਂ ਹੂ।
ਲੂੰ ਲੂੰ ਦੇ ਮੁੱਢ ਲੱਖ ਲੱਖ ਚਸਮਾਂ ਇੱਕ ਖੋਲ੍ਹਾਂ ਇੱਕ ਕੱਜਾਂ ਹੂ।
ਇਤਨਿਆਂ ਡਿੱਠਿਆਂ ਸਬਰ ਨਾ ਆਵੇ ਹੋਰ ਕਿਤੇ ਵੱਲ ਭੱਜਾਂ ਹੂੰ।
ਮੁਰਸ਼ਦ ਦਾ ਦੀਦਾਰ ਹੈ ਬਾਹੂ ਮੈਨੂੰ ਲੱਖ ਕ੍ਰੋੜਾਂ ਹੱਜਾਂ ਹੂੰ।



Scanned with CamScanner

## ਭਾਗ ਚੌਥਾ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਅਤੇ ਸਪੱਸ਼ਟ ਉੱਤਰ ਦਿਓ : 4X5=20

ੳ) 'ਤਸੱਵੁਫ਼' ਤੋਂ ਕੀ ਭਾਵ ਹੈ?

ਅ) ਪੰਜਾਬੀ ਸੂਫ਼ੀ ਕਵਿਤਾ ਦੇ ਲੋਕਧਾਰਾਈ ਆਧਾਰਾਂ ਬਾਰੇ ਟਿੱਪਣੀ ਕਰੋ।

ੲ) ਫ਼ਰੀਦ ਬਾਣੀ ਵਿਚ 'ਦੁੱਖ' ਦੇ ਕਿਹੜੇ ਪਾਸਾਰ ਪੇਸ਼ ਹੋਏ ਹਨ ?

ਸ) 'ਈਮਾਨ ਸਲਾਮਤ ਹਰ ਕੋਈ ਮੰਗੇ ਅਤੇ ਇਸ਼ਕ ਸਲਾਮਤ ਕੋਈ ਹੂ' - ਇਸ ਤੁਕ ਦੇ ਅਰਥ ਸਪੱਸ਼ਟ ਕਰੋ।

ਹ) ਬੁਲ੍ਹੇ ਸ਼ਾਹ ਦੇ ਮੁਰਸ਼ਦ-ਪ੍ਰੇਮ ਬਾਰੇ ਟਿਪਣੀ ਕਰੋ।

Scanned with CamScanner

4X5=20

P-212303 Roll No..................

**M.A.(Punjabi)Sem.II-1**
**Punjabi: Course-303**
**Punjabi Qissa and Vaar Kaav: History, Theory and Tendencies**
**(Admission of 2009 & onwards)**
**Regular**
**(Nov.-Dec. 2015)**

**Time: 3 Hours** **Maximum Marks: 70**

**ਨੋਟ:** ਸਾਰੇ ਪ੍ਰਸ਼ਨਾਂ ਦੇ ਉੱਤਰ ਲਾਜ਼ਮੀ ਹਨ। ਪਹਿਲੇ ਭਾਗ ਵਿੱਚੋਂ ਇਕ,ਦੂਜੇ ਭਾਗ ਵਿੱਚੋਂ ਦੋ ਤੇ ਤੀਜੇ ਭਾਗ ਵਿੱਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

**ਭਾਗ-ੳ**

1. ਪੰਜਾਬੀ ਕਿੱਸਾ ਕਾਵਿ ਦੇ ਕਾਲ-ਕ੍ਰਮਿਕ ਵਿਕਾਸ ਉਤੇ ਨੋਟ ਲਿਖੋ।
2. ਪੰਜਾਬੀ ਵੀਰ ਕਾਵਿ ਪਰੰਪਰਾ ਸੰਬੰਧੀ ਵਿਸਤਰਿਤ ਚਰਚਾ ਕਰੋ । 1×14=14

**ਭਾਗ-ਅ**

3. 'ਹੀਰ ਵਾਰਿਸ' ਦੇ ਕਿੱਸੇ ਨੂੰ ਮਕਬੂਲ ਬਣਾਉਣ ਵਿਚ ਕਿਹੜੇ ਕਾਵਿਕ ਗੁਣਾਂ ਨੇ ਅਹਿਮ ਭੂਮਿਕਾ ਨਿਭਾਈ ਹੈ? ਚਰਚਾ ਕਰੋ।
4. 'ਸੱਸੀ ਹਾਸ਼ਮ' ਵਿਚ ਪੇਸ਼ ਇਸ਼ਕ ਦੇ ਸੰਕਲਪ ਉਤੇ ਵਿਸਤਾਰ ਸਹਿਤ ਨੋਟ ਲਿਖੋ।
5. ਚੰਡੀ ਦੀ ਵਾਰ ਵਿਚ ਨਾਇਕ ਦਾ ਸਰੂਪ ਕਿਹੋ ਜਿਹਾ ਉੱਭਰਦਾ ਹੈ? ਚਰਚਾ ਕਰੋ। 2×14=28

**ਭਾਗ-ੲ**

6. ਹੇਠ ਲਿਖਿਆਂ ਵਿਚੋਂ ਕਿਸੇ ਇਕ ਕਾਵਿ-ਟੋਟੇ ਦੀ ਵਿਵਹਾਰਕ ਆਲੋਚਨਾ ਕਰੋ:

(ੳ) ਮੁਠੀ ਮੁਠੀ ਗੱਲ ਨਾ ਕਰੋ ਭੈਣਾਂ,ਮੈਂ ਤਾਂ ਸੁਣਦਿਆਂ ਹੀ ਮਰ ਗਈ ਜੇ ਨੀ
ਤੁਸਾਂ ਏਹ ਜਦੋਕਣੀ ਗੱਲ ਟੋਰੀ, ਖਲੀ ਖਲੀ ਹੀ ਮੈਂ ਲਹਿ ਗਈ ਜੇ ਨੀ
ਗਏ ਟੁੱਟ ਸਤਰਾਣ ਤੇ ਅਕਲ ਡੁੱਬੀ, ਮੇਰੇ ਧੁਖ ਕਲੇਜੜੇ ਪਈ ਜੇ ਨੀ
ਕੀਕੂੰ ਕੰਨ ਪੜਾਇ ਕੇ ਜੀਂਵਦਾ ਹੈ, ਗੱਲਾਂ ਸੁਣਦਿਆਂ ਹੀ ਜਿੰਦ ਗਈ ਜੇ ਨੀ
ਉਹਦੇ ਦੁੱਖੜੇ ਰੋਵਣਾ ਜਦੋਂ ਸੁਣਿਆ, ਮੁੱਠੀ ਮੀਟ ਕੇ ਮੈਂ ਬਹਿ ਗਈ ਜੇ ਨੀ
ਮੱਸ-ਭੇਉਂ ਦਾ ਨਾਉਂ ਜਾਂ ਲੈਦੀਆਂ ਹੋ, ਜਿੰਦ ਸੁਣਦਿਆਂ ਹੀ ਲੁੜ੍ਹ ਗਈ ਜੇ ਨੀ
ਕਿਵੇਂ ਵੇਖੀਏ ਓਸ ਮਸਤਾਨੜੇ ਨੂੰ, ਜਿਸ ਦੀ ਤ੍ਰਿਞਣਾ ਵਿਚ ਧੁੰਮ ਪਈ ਜੇ ਨੀ

(ਅ) ਓੜਕ ਵਕਤ ਕਹਿਰ ਦੀਆਂ ਕੂਕਾਂ,ਸੁਣ ਪੱਥਰ ਢਲ ਜਾਵੇ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਮਰ ਦੋਜ਼ਖ਼ ਵੱਲ ਜਾਵੇ।
ਜਾਂ ਉਸ ਨਿਹੁੰ ਲਗੇ ਵਿਚ ਬਿਰਹੋਂ,ਵਾਂਗ ਸੱਸੀ ਜਲ ਜਾਵੇ।
ਹਾਸ਼ਮ ਮੌਤ ਪਵੇ ਕਰਵਾਨਾਂ,ਤੁਖ਼ਮ ਜ਼ਮੀਨੋਂ ਜਾਵੇ।
ਜਾਂ ਉਸ ਪਿਰਮ ਪਵੇ ਵਿਚ ਬਿਰਹੋਂ,ਤੁਖ਼ਮ ਜ਼ਮੀਨੋਂ ਜਾਵੇ 1×14=14

**ਭਾਗ-ਸ**

7. ਹੇਠ ਲਿਖੇ ਸਾਰੇ ਪ੍ਰਸ਼ਨ ਲਾਜ਼ਮੀ ਹਨ:

ੳ. ਕਿੱਸਾ ਕਾਵਿ ਵਿਚ ਮਿੱਥ ਦੇ ਪ੍ਰਯੋਗ ਸੰਬੰਧੀ ਸੰਖੇਪ ਟਿੱਪਣੀ ਕਰੋ।
ਅ. ਹੀਰ ਰਾਂਝੇ ਦਾ ਕਿੱਸਾ ਵਾਰਿਸ ਤੋਂ ਇਲਾਵਾ ਹੋਰ ਕਿਹੜੇ ਦੋ ਕਿੱਸਾਕਾਰਾਂ ਨੇ ਲਿਖਿਆ?
ੲ. 'ਸੱਸੀ ਹਾਸ਼ਮ'ਵਿਚ ਪ੍ਰਯੋਗ ਹੋਏ ਛੰਦ ਬਾਰੇ ਸੰਖੇਪ ਜਾਣਕਾਰੀ ਦਿਓ।
ਸ. ਸੱਸੀ ਦੀ ਮੌਤ ਸਮੇਂ ਕਿਹੜੇ ਫ਼ਰਿਸ਼ਤਿਆਂ ਦਾ ਜ਼ਿਕਰ ਆਇਆ ਹੈ ਤੇ ਕਿਉਂ?
ਹ. 'ਵਾਰ'ਸ਼ਬਦ ਦੀ ਉਪਜ ਕਿਹੜੇ ਸ਼ਬਦ ਤੋਂ ਹੋਈ?
ਕ. ਵਾਰ ਵਿਚ ਪ੍ਰਯੋਗ ਹੋਣ ਵਾਲੇ ਛੰਦਾਂ ਦੇ ਨਾਂ ਲਿਖੋ।
ਖ. ਹੀਰ ਵਾਰਿਸ ਕਿਸ ਕਾਲ ਦੀ ਰਚਨਾ ਹੈ? 7×2=14

Scanned with CamScanner

P-212303

Roll No..................

**M.A.(Punjabi)Sem.II-1**
**Punjabi: Course-303**
**Punjabi Qissa and Vaar Kaav: History, Theory and Tendencies**
**(Admission of 2009 & onwards)**
**Non-Collegiate**
**(Nov.-Dec. 2015)**

**Time: 3 Hours** **Maximum Marks: 100**

**ਨੋਟ:** ਸਾਰੇ ਪ੍ਰਸ਼ਨਾਂ ਦੇ ਉੱਤਰ ਲਾਜ਼ਮੀ ਹਨ। ਪਹਿਲੇ ਭਾਗ ਵਿੱਚੋਂ ਇਕ,ਦੂਜੇ ਭਾਗ ਵਿੱਚੋਂ ਦੋ ਤੇ ਤੀਜੇ ਭਾਗ ਵਿੱਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

**ਭਾਗ-ੳ**

1. ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸਕ ਵਿਕਾਸ ਕ੍ਰਮ ਉਲੀਕੋ।
2. ਵਾਰ ਕਾਵਿ ਦੀ ਪਰੰਪਰਾ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਤਾਰ ਸਹਿਤ ਲਿਖੋ। 1×20=20

**ਭਾਗ-ਅ**

3. 'ਹੀਰ ਵਾਰਿਸ' ਦੇ ਕਿੱਸੇ ਵਿਚੋਂ ਤ੍ਰਾਸਦਿਕ ਸੰਵੇਦਨਾ ਦਾ ਬਿੰਬ ਕਿਵੇਂ ਉੱਭਰ ਕੇ ਸਾਹਮਣੇ ਆਉਂਦਾ ਹੈ?ਸਪੱਸ਼ਟ ਕਰੋ।
4. 'ਸੱਸੀ ਹਾਸ਼ਮ' ਵਿਚ ਹੋਣੀ ਦੇ ਸੰਕਲਪ ਬਾਰੇ ਵਿਸਤਾਰ ਸਹਿਤ ਚਰਚਾ ਕਰੋ।
5. 'ਚੰਡੀ ਦੀ ਵਾਰ' ਵਿਚ ਮਿੱਥ-ਰੂਪਾਂਤਰਨ ਉੱਤੇ ਵਿਸਤਰਿਤ ਨੋਟ ਲਿਖੋ। 2×20=40

**ਭਾਗ-ੲ**

6. ਹੇਠ ਲਿਖਿਆਂ ਵਿਚੋਂ ਕਿਸੇ ਇਕ ਦੀ ਵਿਵਹਾਰਕ ਆਲੋਚਨਾ ਕਰੋ:

(ੳ) ਹੀਰ ਵੱਤ ਕੇ ਬੇਲਿਓਂ ਘਰੀਂ ਆਈਂ, ਮਾਉਂ ਬਾਪ ਕਾਜ਼ੀ ਸੱਦ ਲਿਆਂਵਦੇ ਨੀ
ਦੋਵੇਂ ਆਪ ਬੈਠੇ ਅਤੇ ਵਿਚ ਕਾਜ਼ੀ, ਅਤੇ ਸਾਮ੍ਹਣੇ ਹੀਰ ਬਹਾਂਵਦੇ ਨੀ
ਬੱਚਾ ਹੀਰ! ਤੈਨੂੰ ਅਸੀਂ ਮੱਤ ਦੇਂਦੇ, ਮਿੱਠੀ ਜ਼ਬਾਂਦੇ ਨਾਲ ਸਮਝਾਂਵਦੇ ਨੀ
ਚਾਕ ਚੋਬਰਾਂ ਨਾਲ ਨਾ ਗੱਲ ਕੀਚੈ, ਏਹ ਮਿਹਨਤੀ ਕੇਹੜੇ ਥਾਂਵ ਦੇ ਨੀ
ਚਰਖਾ ਡਾਹ ਕੇ ਆਪਣੇ ਘਰੀਂ ਬਹੀਏ, ਸੁੱਘੜ ਗਾਉਂ ਕੇ ਜੀਉ ਪਰਚਾਂਵਦੇ ਨੀ
ਲਾਲ ਡਾਹ ਕੇ ਚਰਖੜਾ ਛੋਪ ਪਾਈਏ, ਕੇਹੇ ਸੋਹਣੇ ਗੀਤ ਝਨਾਂਵ ਦੇ ਨੀ
ਨੀਵੀਂ ਨਜ਼ਰ ਹਯਾਉ ਦੇ ਨਾਲ ਰਹੀਏ, ਤੈਨੂੰ ਸਭ ਸਿਆਣੇ ਫ਼ਰਮਾਂਵਦੇ ਨੀ

(ਅ) ਤੁਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪਰ ਧਰਸਾਂ
ਜਬ ਲਗ ਸਾਸ ਨਿਰਾਸ ਨਾ ਹੋਸਾਂ,ਮਰਨੋਂ ਮੂਲ ਨਾ ਡਰਸਾਂ
ਜੇ ਰੱਬ ਕੂਕ ਸੱਸੀ ਦੀ ਸੁਣਸੀ,ਜਾ ਪੱਲਾ ਉਸ ਫੜਸਾਂ।
ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ,ਥਲ ਮਾਰੂ ਵਿਚ ਮਰਸਾਂ। 1×20=20

**ਭਾਗ-ਸ**

7. ਹੇਠ ਲਿਖੇ ਸਾਰੇ ਪ੍ਰਸ਼ਨ ਲਾਜ਼ਮੀ ਹਨ:

ੳ. ਕਿੱਸਾ ਤੇ ਵਾਰ ਵਿਚਲੇ ਅੰਤਰ ਨੂੰ ਸਪੱਸ਼ਟ ਕਰੋ।
ਅ. ਅਧਿਆਤਮਕ ਵਾਰਾਂ ਦਾ ਲੌਕਿਕ ਵਾਰਾਂ ਤੋਂ ਕੀ ਵਖਰੇਵਾਂ ਹੈ?
ੲ.'ਹੀਰ ਵਾਰਿਸ' ਦੇ ਕਿੱਸੇ ਵਿਚ 'ਬੇਲੇ' ਦੀ ਕੀ ਭੂਮਿਕਾ ਹੈ?
ਸ. ਮਹਾਤਮ ਤੋਂ ਤੁਸੀਂ ਕੀ ਸਮਝਦੇ ਹੋ?ਚੰਡੀ ਦੀ ਵਾਰ ਵਿਚਲੇ ਮਹਾਤਮ ਉੱਤੇ ਸੰਖੇਪ ਚਰਚਾ ਕਰੋ।
ਹ. ਕਿੱਸਿਆਂ ਵਿਚਲੇ ਦੁਖਾਂਤ ਦਾ ਕੀ ਕਾਰਨ ਹੈ? 5×4=20

Scanned with CamScanner

Deptt. of Punjabi, University of Delhi, Delhi – 7
(This question paper contains two printed pages)

Unique Paper code : P-212304 (i)

Roll no. _______________

MA Sem II – 1
Punjabi, Course NO. 304 (i)
Gurmat Kaav : Sidhant, Itihaas ate Parvirtiaan
(Admission of 2009 & onwards)
Regular (optional paper)
(Nov- Dec 2015)

Time : 3 Hours

Maximum Marks : 70

ਨੋਟ : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਹਰੇਕ ਭਾਗ ਦੇ ਆਰੰਭ ਵਿਚ ਦਿੱਤੀਆਂ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ। ਸਾਰੇ ਭਾਗ ਕਰਨੇ ਜ਼ਰੂਰੀ ਹਨ।

## ਭਾਗ ਪਹਿਲਾ

ਨੋਟ : ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਉ : 14

1. ਗੁਰਬਾਣੀ ਪਰੰਪਰਾ ਉਪਰ ਵਿਸਥਾਰ ਸਹਿਤ ਚਰਚਾ ਕਰੋ।
2. ਗੁਰਬਾਣੀ ਦੇ ਦਾਰਸ਼ਨਿਕ ਪਰਿਪੇਖ ਨੂੰ ਚਰਚਾ ਦਾ ਵਿਸ਼ਾ ਬਣਾਉ।

## ਭਾਗ ਦੂਜਾ

ਨੋਟ : ਹੇਠ ਲਿਖਿਆਂ ਵਿਚੋਂ ਕੋਈ **ਦੋ** ਪ੍ਰਸ਼ਨਾਂ ਦੇ ਉੱਤਰ ਦਿਉ : 14X2=28

3. 'ਆਸਾ ਦੀ ਵਾਰ' ਬਾਣੀ ਨੂੰ ਅਧਿਆਤਮਕ-ਵਾਰ ਦੇ ਤੌਰ'ਤੇ ਚਰਚਾ ਦਾ ਵਿਸ਼ਾ ਬਣਾਉ।
4. 'ਸੁਖਮਨੀ' ਬਾਣੀ ਦੇ ਸੰਗਠਨ-ਪ੍ਰਬੰਧ ਉਪਰ ਆਪਣੇ ਵਿਚਾਰ ਪੇਸ਼ ਕਰੋ।
5. ਜਾਪੁ ਸਾਹਿਬ ਨੂੰ ਅਕਾਲ ਉਸਤਤਿ ਜਾਂ ਜਸ ਬਾਣੀ ਦੇ ਰੂਪ ਵਿਚ ਚਰਚਾ ਦਾ ਵਿਸ਼ਾ ਬਣਾਉ।

## ਭਾਗ ਤੀਜਾ

6. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਬਾਣੀ-ਬੰਦ ਦਾ ਵਿਹਾਰਕ ਵਿਸ਼ਲੇਸ਼ਣ ਕਰੋ : **14X1=14**

ੳ) ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ॥
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ॥ 197॥
ਸਚਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ॥
ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ॥
ਅਜਇਬ ਬਿਭੂਤੇ ਗਜਾਇਬ ਗਨੀਮੇ॥
ਹਰੀਅੰ ਕਰੀਅੰ ਕਰੀਮੁਲ ਰਹੀਮੇ॥ 198॥
ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ॥ 199॥

ਅ) ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥



Scanned with CamScanner

ਧੰਨੁ ਸੁ ਮਾਣਸ ਨਾਨਕਾ ਦੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥

ੲ) ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ
ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥

**ਭਾਗ ਚੌਥਾ**

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ : 2X7=14

i. ਨਿਰਗੁਣ ਭਗਤੀ ਤੇ ਸਰਗੁਣ ਭਗਤੀ ਵਿਚਲਾ ਅੰਤਰ ਸਪੱਸ਼ਟ ਕਰੋ।
ii. ਗੁਰਬਾਣੀ ਦੀ ਵਿਸ਼ਵ-ਦ੍ਰਿਸ਼ਟੀ ਤੋਂ ਕੀ ਭਾਵ ਹੈ?
iii. ਗੁਰਮਤਿ ਕਾਵਿ ਵਿਚ ਜਗਤ ਤੇ ਮਾਨਵ ਦੇ ਸੰਕਲਪ ਦੀ ਪੇਸ਼ਕਾਰੀ ਕਿਵੇਂ ਹੋਈ ਹੈ ?
iv. 'ਮੂਲ ਮੰਤਰ' ਦੇ ਮੂਲ ਸੰਕਲਪ ਉਪਰ ਟਿੱਪਣੀ ਕਰੋ।
v. ਪੂਰਬ ਨਾਨਕ-ਕਾਲ ਦੇ ਬਾਣੀਕਾਰਾਂ ਦੇ ਨਾਂ ਲਿਖੋ।
vi. ਮੰਗਲਾਚਰਨ ਤੋਂ ਕੀ ਭਾਵ ਹੈ?
vii. 'ਸਾਮੀ ਸੰਸਕ੍ਰਿਤੀ' ਸੰਕਲਪ ਦੀ ਵਿਆਖਿਆ ਕਰੋ।

------ ***-----

Scanned with CamScanner

M.A. (Punjabi) Sem. I-I
Punjabi: Course No -304(ii)
Unique Code :212304(ii)
Paper: Bhagti Kaav: History, Theory and Tendencies
(Admission of 2009 & onwards)
(Regular)
(Nov.-Dec. 2015)

ਕੁੱਲ ਸਮਾਂ: ਤਿੰਨ ਘੰਟੇ

ਕੁੱਲ ਅੰਕ: 70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ- ਪਹਿਲਾ

1. ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਉ।
   ੳ. ਭਗਤੀ ਅੰਦੋਲਨ ਦੇ ਇਤਿਹਾਸਕ ਪਿਛੋਕੜ ਦੀ ਚਰਚਾ ਕਰਦਿਆਂ, ਇਸਦੇ ਮਾਨਵੀ ਚੇਤਨਾ ਨੂੰ ਬਦਲਣ ਵਿਚ ਪਾਏ ਯੋਗਦਾਨ ਨੂੰ ਨਿਸ਼ਚਿਤ ਕਰੋ।
   ਅ. ਭਗਤ ਬਾਣੀ ਮੱਧ-ਕਾਲੀਨ ਯੁਗ ਵਿਚ ਧਾਰਮਿਕ ਵਿਸ਼ਵਾਸ ਦੀ ਇਕ ਨਵੀ ਕ੍ਰਾਂਤੀ ਲੈ ਕੇ ਆਉਂਦੀ ਹੈ। ਉਦਾਹਰਣਾਂ ਸਹਿਤ ਸਪੱਸ਼ਟ ਕਰੋ। 14

## ਭਾਗ- ਦੂਜਾ

2. ਭਗਤ ਕਬੀਰ ਦੇ ਜੀਵਨ, ਰਚਨਾ ਤੇ ਵਿਚਾਰਧਾਰਾ ਬਾਰੇ ਇਕ ਨੋਟ ਲਿਖੋ।
3. ਭਗਤ ਰਵੀਦਾਸ ਜੀ ਦੀ ਬਾਣੀ ਦਾ ਵਿਸ਼ੈਗਤ ਅਧਿਐਨ ਪੇਸ਼ ਕਰੋ।
4. ਸੰਤ ਨਾਮਦੇਵ ਦੀ ਬਾਣੀ ਮਨੁੱਖ ਹਿਤੈਸ਼ੀ ਨਰੋਈਆਂ ਕਦਰਾਂ-ਕੀਮਤਾਂ ਸਥਾਪਤ ਕਰਨ ਦਾ ਉਪਰਾਲਾ ਹੈ। ਚਰਚਾ ਕਰੋ। 14X2=28

## ਭਾਗ- ਤੀਜਾ

5. ਹੇਠ ਲਿਖੀਆਂ ਵਿਚੋਂ ਕਿਸੇ ਇਕ ਬੰਦ ਦੀ ਵਿਵਹਾਰਕ ਸਮੀਖਿਆ ਕਰੋ:

ੳ. ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥
ਹਮ ਅਉਗਨ ਤੁਮ੍ਹ ਉਪਕਾਰੀ ॥੧॥ ਰਹਾਉ ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ

Scanned with CamScanner

ਅ. ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥
ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥
ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥
ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ
ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥
ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ 14

## ਭਾਗ ਚੌਥਾ

6. ਹੇਠ ਲਿਖੇ ਪ੍ਰਸ਼ਨਾ ਦੈ ਸੰਖੇਪ ਉਤਰ ਦਿਉ।
1. ਭਗਤੀ ਲਹਿਰ ਦੇ ਕਾਲ ਬਾਰੇ ਜਾਣਕਾਰੀ ਦਿਓ।
2. ਭਗਤੀ ਲਹਿਰ ਨੂੰ ਕਿਨਾਂ ਸੂਬਿਆਂ ਵਿਚ ਫੈਲੀ ਹੋਈ ਸੀ?
3. ਭਗਤ ਬਾਣੀ ਵਿਚ ਮੁਕਤੀ ਦਾ ਕਿਹੜਾ ਸੰਕਲਪ ਪੇਸ਼ ਹੁੰਦਾ ਹੈ?
4. ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਸੰਕਲਿਤ ਕੀਤਾ ਗਿਆ?
5. ਭਗਤ ਨਾਮਦੇਵ ਅਤੇ ਭਗਤ ਰਵਿਦਾਸ ਦੀ ਬਾਣੀ ਵਿਚ ਵਿਚਾਰਧਾਰਕ ਸਮਾਨਤਾ ਨੂੰ ਸਪੱਸ਼ਟ ਕਰੋ।
6. ਭਗਤ ਨਾਮਦੇਵ ਦੀ ਬਾਣੀ ਦਾ ਕੇਂਦਰ ਬਿੰਦੂ ਕੀ ਹੈ?
7. ਭਗਤ ਕਬੀਰ ਦੀ ਬਾਣੀ ਦਾ ਮੂਲ ਥੀਮ ਕੀ ਹੈ।

7X2=14

Scanned with CamScanner

M.A. (Punjabi) Sem. I-I
Punjabi: Course No -304(ii)
Unique Code :212304(ii)
Paper: Bhagti Kaav: History, Theory and Tendencies
(Admission of 2009 & onwards)
(Regular)
(Nov.-Dec. 2015)

ਕੁੱਲ ਸਮਾਂ: ਤਿੰਨ ਘੰਟੇ ਕੁੱਲ ਅੰਕ: 70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ- ਪਹਿਲਾ

1. ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਉ।
   ੳ. ਭਗਤੀ ਅੰਦੋਲਨ ਦੇ ਇਤਿਹਾਸਕ ਪਿਛੋਕੜ ਦੀ ਚਰਚਾ ਕਰਦਿਆਂ, ਇਸਦੇ ਮਾਨਵੀ ਚੇਤਨਾ ਨੂੰ ਬਦਲਣ ਵਿਚ ਪਾਏ ਯੋਗਦਾਨ ਨੂੰ ਨਿਸ਼ਚਿਤ ਕਰੋ।
   ਅ. ਭਗਤ ਬਾਣੀ ਮੱਧ-ਕਾਲੀਨ ਯੁਗ ਵਿਚ ਧਾਰਮਿਕ ਵਿਸ਼ਵਾਸ ਦੀ ਇਕ ਨਵੀ ਕ੍ਰਾਂਤੀ ਲੈ ਕੇ ਆਉਦੀ ਹੈ। ਉਦਾਹਰਣਾਂ ਸਹਿਤ ਸਪੱਸ਼ਟ ਕਰੋ। 14

## ਭਾਗ- ਦੂਜਾ

2. ਭਗਤ ਕਬੀਰ ਦੇ ਜੀਵਨ, ਰਚਨਾ ਤੇ ਵਿਚਾਰਧਾਰਾ ਬਾਰੇ ਇਕ ਨੋਟ ਲਿਖੋ।
3. ਭਗਤ ਰਵੀਦਾਸ ਜੀ ਦੀ ਬਾਣੀ ਦਾ ਵਿਸ਼ੈਗਤ ਅਧਿਐਨ ਪੇਸ਼ ਕਰੋ।
4. ਸੰਤ ਨਾਮਦੇਵ ਦੀ ਬਾਣੀ ਮਨੁੱਖ ਹਿਤੈਸ਼ੀ ਨਰੋਈਆਂ ਕਦਰਾਂ-ਕੀਮਤਾਂ ਸਥਾਪਤ ਕਰਨ ਦਾ ਉਪਰਾਲਾ ਹੈ। ਚਰਚਾ ਕਰੋ। 14X2=28

## ਭਾਗ- ਤੀਜਾ

5. ਹੇਠ ਲਿਖੀਆਂ ਵਿਚੋ ਕਿਸੇ ਇਕ ਬੰਦ ਦੀ ਵਿਵਹਾਰਕ ਸਮੀਖਿਆ ਕਰੋ:

ੳ. ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥
ਹਮ ਅਉਗਨ ਤੁਮ੍ਹ ਉਪਕਾਰੀ ॥੧॥ ਰਹਾਉ ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ

Scanned with CamScanner

ਅ. ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥

ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥

ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥

ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ

ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥

ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ 14

ਭਾਗ ਚੌਥਾ

6. ਹੇਠ ਲਿਖੇ ਪ੍ਰਸ਼ਨਾ ਦੇ ਸੰਖੇਪ ਉਤਰ ਦਿਉ।

1. ਭਗਤੀ ਲਹਿਰ ਦੇ ਕਾਲ ਬਾਰੇ ਜਾਣਕਾਰੀ ਦਿਓ।
2. ਭਗਤੀ ਲਹਿਰ ਨੂੰ ਕਿਨਾਂ ਸੂਬਿਆਂ ਵਿਚ ਫੈਲੀ ਹੋਈ ਸੀ?
3. ਭਗਤ ਬਾਣੀ ਵਿਚ ਮੁਕਤੀ ਦਾ ਕਿਹੜਾ ਸੰਕਲਪ ਪੇਸ਼ ਹੁੰਦਾ ਹੈ?
4. ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਸੰਕਲਿਤ ਕੀਤਾ ਗਿਆ?
5. ਭਗਤ ਨਾਮਦੇਵ ਅਤੇ ਭਗਤ ਰਵਿਦਾਸ ਦੀ ਬਾਣੀ ਵਿਚ ਵਿਚਾਰਧਾਰਕ ਸਮਾਨਤਾ ਨੂੰ ਸਪੱਸ਼ਟ ਕਰੋ।
6. ਭਗਤ ਨਾਮਦੇਵ ਦੀ ਬਾਣੀ ਦਾ ਕੇਂਦਰ ਬਿੰਦੂ ਕੀ ਹੈ?
7. ਭਗਤ ਕਬੀਰ ਦੀ ਬਾਣੀ ਦਾ ਮੂਲ ਥੀਮ ਕੀ ਹੈ। 7X2=14

Scanned with CamScanner